ਭਗਤ ਸਿੰਘ, ਆਈ.ਏ.ਐਸ

ਵਿੱਤੀ ਕਮਿਸ਼ਨਰ ਮਾਲ,ਪੰਜਾਬ

Financial Commissioner, Revenue Punjab

ਅੱਧ.ਸ.ਪੱ.ਨੰ.11/48/2001-ਜ-1/1567

ਚੰਡੀਗੜ੍ਹ, ਮਿਤੀ 18.6.2002

ਵਿਸ਼ਾ:- ਪੰਜਾਬ ਪਬਲਿਕ ਪ੍ਰੀਮਿਸਜ਼ ਐਂਡ ਲੈਂਡ (ਇਵੀਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਕੁਲੈਕਟਰ ਦੀਆਂ ਪਾਵਰਾਂ ਦੇਣ ਬਾਰੇ ।

ਮੇਰੇ ਪਿਆਰੇ

ਉਪਰੋਕਤ ਵਿਸ਼ੇ ਤੇ ਮੇਰੇ ਅ.ਸ.ਪ.ਨੰ:11/48/2001-ਜ-1/135, ਮਿਤੀ 18.1.2002 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2. ਪੰਜਾਬ ਪਬਲਿਕ ਪ੍ਰੀਮਿਸਜ਼ ਐਂਡ ਲੈਂਡ (ਇਵੀਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਕੁਲੈਕਟਰ ਦੀਆਂ ਪਾਵਰਾਂ ਦੇਣ ਸਬੰਧੀ ਮਾਮਲਾ ਮਾਨਯੋਗ ਰਾਜ ਮੰਤਰੀ, ਮਾਲ ਅਤੇ ਪੁਨਰਵਾਸ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਡਿਪਟੀ ਕਮਿਸ਼ਨਰਾਂ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਮਿਤੀ 13.5.2002 ਨੂੰ ਹੋਈ ਮੀਟਿੰਗ ਵਿੱਚ ਵਿਚਾਰਿਆ ਗਿਆ । ਇਸ ਮਾਮਲੇ ਤੇ ਗਹੁ ਨਾਲ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਪੰਜਾਬ ਪਬਲਿਕ ਪ੍ਰੀਮਿਸਜ਼ ਐਂਡ ਲੈਂਡ (ਇਵੀਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਲੰਬਿਤ ਕੇਸ, ਜਿੰਨ੍ਹਾਂ ਦੀ ਸਾਰੇ ਰਾਜ ਵਿੱਚ ਕੁੱਲ ਗਿਣਤੀ 437 ਹੈ, ਜੋ ਕਿ ਨਾਂਹ ਦੇ ਬਰਾਬਰ ਹੈ, ਦਾ ਨਿਪਟਾਰਾ ਜਲਦੀ ਕੀਤਾ ਜਾਵੇ । ਸਬੰਧਤ ਡਿਪਟੀ ਕਮਿਸ਼ਨਰਾਂ ਨੇ ਇਹ ਯਕੀਨ ਦਵਾਇਆ ਕਿ ਉਹ ਆਪਣੇ ਜ਼ਿਲਿਆ ਨਾਲ ਸਬੰਧਤ ਕੇਸਾਂ ਨੂੰ ਪਹਿਲ ਦੇ ਆਧਾਰ ਤੇ ਵੇਖਣਗੇ ਅਤੇ ਉਨਾਂ ਦਾ ਨਿਪਟਾਰਾ ਛੇਤੀ ਕਰਾਕੇ ਸਰਕਾਰ ਨੂੰ ਸੂਚਿਤ ਕਰਨਗੇ ।

3. ਉਪਰ ਦੱਸੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਪੰਜਾਬ ਪਬਲਿਕ ਪ੍ਰੀਮਿਸਜ਼ ਐਂਡ ਲੈਂਡ (ਇਵੀਕਸ਼ਨ ਐਂਡ ਰੈਟ ਰਿਕਵਰੀ) ਐਕਟ, 1973 ਅਧੀਨ ਕੁਲੈਕਟਰ ਦੀਆਂ ਪਾਵਰਾਂ ਦੇਣ ਲਈ ਕੋਈ ਉਚਿਤਤਾ ਨਜ਼ਰ ਨਹੀਂ ਆਉਂਦੀ ।

ਸ਼ੁਭ ਇਛਾਂਵਾਂ ਸੰਗ

ਹਿੱਤੂ
ਸਹੀ/-
(ਭਗਤ ਸਿੰਘ)

ਸ਼੍ਰੀ ਪੀ.ਰਾਮ.ਆਈ.ਏ.ਐਸ,
ਵਿੱਤੀ ਕਮਿਸ਼ਨਰ ਅਤੇ ਸਕੱਤਰ,
ਪੰਜਾਬ ਸਰਕਾਰ, ਪੇਡੂੰ ਵਿਕਾਸ ਅਤੇ ਪੰਚਾਇਤ ਵਿਭਾਗ, ਚੰਡੀਗੜ੍ਹ ।